# ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵਿਖੇ ਨੌਕਰੀ ਲਈ

# 'ਲਿਖਤੀ ਅਤੇ ਮੁਲਾਕਾਤ ਇਮਤਿਹਾਨ ਦਾ ਪਾਠ-ਕ੍ਰਮ'

ਆਤਮ ਪਰਗਾਸ ਵਿਖੇ 'ਸਹਾਇਕ ਅਧਿਆਪਕ', 'ਦਫ਼ਤਰ ਸਹਾਇਕ', 'ਸਹਾਇਕ ਖੇਤਰ ਸੰਚਾਲਕ' ਅਤੇ 'ਸਾਹਿਤ ਅਤੇ ਪ੍ਰਦਰਸ਼ਨੀ ਸਹਾਇਕ' ਦੀਆਂ ਅਸਾਮੀਆਂ ਲਈ ਚਾਹਵਾਨ ਉਮੀਦਵਾਰ ਹੇਠ ਲਿਖੇ ਪਾਠ-ਕ੍ਰਮ ਅਨੁਸਾਰ ਲਿਖਤੀ ਅਤੇ ਮੁਲਾਕਾਤ (Interview) ਇਮਤਿਹਾਨ ਦੀ ਤਿਆਰੀ ਕਰ ਸਕਦੇ ਹਨ। ਅਸਾਮੀਆਂ ਲਈ ਅਰਜ਼ੀਆਂ ਖੁੱਲਣ ਦੀ ਸੂਚਨਾ ਪ੍ਰਾਪਤ ਕਰਨ ਲਈ ਸੰਸਥਾ ਦੀ ਵੈੱਬਸਾਈਟ ਅਤੇ ਸਮਾਜਿਕ ਪਸਾਰ ਮਾਧਿਅਮਾਂ ਨਾਲ਼ ਜੁੜੇ ਰਹੋ ਜੀ।

1. **ਕਿਤਾਬਾਂ:**

   (i) **ਨੌਵੀਂ ਅਤੇ ਦਸਵੀਂ ਜਮਾਤ ਦੀ 'ਆਧੁਨਿਕ ਪੰਜਾਬੀ-ਵਿਆਕਰਨ ਅਤੇ ਲੇਖ-ਰਚਨਾ'** (ਪ੍ਰਕਾਸ਼ਕ - ਪੰਜਾਬ ਸਕੂਲ ਸਿੱਖਿਆ ਬੋਰਡ)

   (ii) **ਸਚਿਆਰ ਗੁਰਮੁਖੀ ਅੱਖਰ ਗਿਆਨ** (ਪ੍ਰਕਾਸ਼ਕ - ਆਤਮ ਪਰਗਾਸ)

   (iii) **ਸਚਿਆਰ ਗੁਰਮੁਖੀ ਅੱਖਰ ਅਭਿਆਸ** (ਪ੍ਰਕਾਸ਼ਕ - ਆਤਮ ਪਰਗਾਸ)

   ਵਿਸ਼ੇਸ਼ ਟਿੱਪਣੀ: ਇਮਤਿਹਾਨ ਵਿੱਚ ਸਫਲ ਹੋਣ ਲਈ ਉਮੀਦਵਾਰ ਨੂੰ ਪੰਜਾਬੀ ਦੀ ਲਿਖਾਈ, ਮੁਹਾਰਨੀ, ਵੱਖ-ਵੱਖ ਧੁਨੀਆਂ ਦੇ ਉਚਾਰਨ ਵਿੱਚ ਅੰਤਰ (ਉਦਾਹਰਨ: ਗ-ਘ, ੜ-ਵ, ਣ-ਨ, ਰ-ੜ, ਜ-ਯ, ਜ-ਝ, ਬ-ਭ, ਸ-ਸ਼, ਸ਼-ਛ, ਖ-ਖ਼, ਗ-ਗ਼, ਜ-ਜ਼, ਫ-ਫ਼, ਲ-ਲ਼) ਅਤੇ ਇਹਨਾਂ ਅੱਖਰਾਂ ਵਾਲ਼ੇ ਸ਼ਬਦਾਂ (ਉਦਾਹਰਨ: ਲਾਲ - ਲਾਲ਼, ਸੇਰ - ਸ਼ੇਰ, ਸੱਕ - ਸ਼ੱਕ - ਛੱਕ, ਆਦਿ) ਦੇ ਉਚਾਰਨ ਵਿੱਚ ਮੁਹਾਰਤ ਅਤੇ ਠੀਕ/ਗ਼ਲਤ ਸ਼ਬਦ-ਜੋੜਾਂ ਦੀ ਸੋਝੀ ਹੋਣੀ ਲਾਜ਼ਮੀ ਹੈ।

2. **ਵੀਡੀਓ ਭਾਸ਼ਣ: ਵਲਵਲਾ** - ਡਾ. ਵਰਿੰਦਰਪਾਲ ਸਿੰਘ (https://youtu.be/CzG7ga3qbdY)

3. **ਵੀਡੀਓ ਭਾਸ਼ਣ: ਪੰਜਾਬ ਦੀ ਵਿਰਾਸਤੀ ਵਿੱਦਿਅਕ ਪ੍ਰਣਾਲੀ ਮੁੜ-ਸੁਰਜੀਤ ਕਿਵੇਂ ਕਰੀਏ?** - ਡਾ. ਵਰਿੰਦਰਪਾਲ ਸਿੰਘ (https://youtu.be/cRq7TL58wYs)

4. **ਕੰਪਿਊਟਰ:**
   - ਮਾਈਕਰੋਸੋਫ਼ਟ ਔਫ਼ਿਸ (Microsoft Office): ਵਰਡ (Word), ਐਕਸਲ (Excel) ਅਤੇ ਪਾਵਰ ਪੁਆਇੰਟ (PowerPoint)
   - ਪੰਜਾਬੀ ਟਾਈਪਿੰਗ (ਅਨਮੋਲ ਲਿਪੀ ਫੌਂਟ ਨਾਲ਼)
   - ਮਾਈਕਰੋਸੋਫਟ ਟੀਮਜ਼ (Microsoft Teams) ਤੇ ਔਨਲਾਈਨ ਇਕੱਤਰਤਾ ਤੰਦ (meeting link) ਬਣਾਉਣਾ, ਮਾਈਕ ਅਤੇ ਵੀਡੀਓ ਚਾਲੂ/ਬੰਦ ਕਰਨੀ, ਸਾਥੀਆਂ ਨੂੰ ਇਕੱਤਰਤਾ ਵਿੱਚ ਸ਼ਾਮਲ (admit) ਕਰਨਾ, ਇਕੱਤਰਤਾ ਵਿੱਚ ਆਪਣੀ ਸਕਰੀਨ ਸਾਂਝੀ (screen share) ਕਰਨੀ ਅਤੇ ਚਿੱਟਾ ਫੱਟਾ (white board) ਵਰਤਣਾ।

5. **ਪੰਜਾਬ, ਪੰਜਾਬ ਦਾ ਸੱਭਿਆਚਾਰ ਅਤੇ ਇਤਿਹਾਸ ਸੰਬੰਧੀ ਆਮ ਜਾਣਕਾਰੀ (General Knowledge)**